20102025-Patiala-07.qxd 10/20/2025 12:26 AM Page 3

ਪੰਜਾਬੀ 'ਵਰਸਿਟੀ ਵਿਖੇ 'ਕਲਾ ਰੂਪਾਂ ਰਾਹੀਂ ਰਚਨਾਤਮਿਕ ਪ੍ਰਕਿਰਿਆ' ਵਿਸ਼ੇ 'ਤੇ ਸੈਮੀਨਾਰ ਕਰਵਾਇਆ

ਪਟਿਆਲਾ, 19 ਅਕਤੂਬਰ (ਕੁਲਵੀਰ ਸਿੰਘ ਧਾਲੀਵਾਲ)-ਪੰਜਾਬੀ ਯੂਨੀਵਰਸਿਟੀ ਦੇ ਸੋਭਾ ਸਿੰਘ ਫਾਈਨ ਆਰਟਸ ਵਿਭਾਗ ਅਤੇ 'ਅਜਾਇਬ ਘਰ ਅਤੇ ਕਲਾ ਗੈਲਰੀ' ਵਲੋਂ ਸਾਂਝੇ ਤੌਰ 'ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। 'ਕਲਾ ਰੂਪਾਂ ਰਾਹੀਂ ਰਚਨਾਤਮਿਕ ਪ੍ਰਕਿਰਿਆ ਇਕ ਬਹੁ-ਅਨੁਸ਼ਾਸਨੀ ਦ੍ਰਿਸ਼ਟੀਕੋਣ' ਵਿਸ਼ੇ 'ਤੇ ਕਰਵਾਏ ਇਸ ਸੈਮੀਨਾਰ ਦਾ ਉਦਘਾਟਨ ਕਰਦਿਆਂ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕਿਹਾ ਕਿ ਕਲਾਵਾਂ ਨੂੰ ਪ੍ਰਫੁੱਲਿਤ ਕਰਨ ਅਤੇ ਵਿਦਿਆਰਥੀਆਂ ਵਿਚ ਰਚਨਾਤਮਿਕ ਰੁਚੀਆਂ ਪੈਦਾ ਕਰਨ ਦੇ ਮਾਮਲੇ ਵਿਚ ਪੰਜਾਬੀ ਯੂਨੀਵਰਸਿਟੀ ਹਮੇਸ਼ਾ ਹੀ ਮੋਹਰੀ ਰਹੀ ਹੈ। ਉਨ੍ਹਾਂ ਰਚਨਾਤਮਿਕਤਾ ਦੇ ਮਹੱਤਵ ਬਾਰੇ ਗੱਲ ਕਰਦਿਆਂ ਕਿਹਾ ਕਿ ਦੁਨੀਆਂ ਨੂੰ ਸੋਹਣਾ ਬਣਾਉਣ ਵਿਚ ਵੱਡਾ ਯੋਗਦਾਨ ਹਮੇਸ਼ਾ ਰਚਨਾਤਮਿਕ ਰੁਚੀਆਂ ਵਾਲੇ ਵਿਅਕਤੀਆਂ ਦਾ ਹੀ ਰਿਹਾ ਹੈ। ਉਦਘਾਟਨੀ ਸਮਾਰੋਹ ਮੌਕੇ ਸੰਗੀਤ ਵਿਭਾਗ ਦੇ ਪ੍ਰੋਫੈਸਰ ਅਤੇ ਡਾਇਰੈਕਟਰ, ਡਾਇਸਪੋਰਾ ਸਟੱਡੀਜ਼ ਡਾ. ਰਜਿੰਦਰ ਸਿੰਘ ਗਿੱਲ ਅਤੇ ਸੰਗੀਤ ਵਿਭਾਗ ਦੇ ਪ੍ਰੋਫੈਸਰ ਅਤੇ ਸਾਬਕਾ ਡੀਨ, ਅਕਾਦਮਿਕ ਮਾਮਲੇ ਪ੍ਰੋ. ਯਸ਼ਪਾਲ ਸ਼ਰਮਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸੈਮੀਨਾਰ ਦਾ ਮੁੱਖ ਸੁਰ ਭਾਸ਼ਣ ਅਲੀਗੜ੍ਹ ਮੁਸਲਿਮ

ਪੰਜਾਬੀ ਯੂਨੀਵਰਸਿਟੀ ਵਿਖੇ ਸੈਮੀਨਾਰ ਦੌਰਾਨ ਵਿਚਾਰ ਸਾਂਝੇ ਕਰਦੇ ਹੋਏ ਕੁਲਪਤੀ ਡਾ. ਜਗਦੀਪ ਸਿੰਘ ਨਾਲ ਅਧਿਆਪਕ ਅਜੀਤ ਤਸਵੀਰ। ਅਜੀਤ ਤਸਵੀਰ

ਯੂਨੀਵਰਸਿਟੀ ਤੋਂ ਪੁੱਜੇ ਪ੍ਰੋ. ਐੱਮ.ਆਰ. ਖਾਨ ਨੇ ਦਿੱਤਾ। ਉਨ੍ਹਾਂ ਬਹੁ-ਅਨੁਸ਼ਾਸਨੀ ਦ੍ਰਿਸ਼ਟੀਕੋਣ ਦੇ ਹਵਾਲੇ ਤੋਂ ਗੱਲ ਕਰਦਿਆਂ ਕਲਾ ਰੂਪਾਂ ਰਾਹੀਂ ਰਚਨਾਤਮਿਕ ਪ੍ਰਕਿਰਿਆ ਦੇ ਵੱਖ-ਵੱਖ ਪੱਖਾਂ ਬਾਰੇ ਟਿੱਪਣੀਆਂ ਕੀਤੀਆਂ। ਸੈਮੀਨਾਰ ਦੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਡੀਨ, ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ ਨੇ ਕੀਤੀ। ਡੀਨ ਖੋਜ ਪ੍ਰੋ. ਰਿਤੂ ਲਹਿਲ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਧੰਨਵਾਦੀ ਸ਼ਬਦ ਪ੍ਰੋ. ਭੀਮ ਇੰਦਰ ਸਿੰਘ, ਡਾਇਰੈਕਟਰ ਯੁਵਕ ਭਲਾਈ ਵਿਭਾਗ ਨੇ ਪੇਸ਼ ਕੀਤੇ। ਵਿਭਾਗ ਮੁਖੀ ਡਾ. ਅੰਬਾਲਿਕਾ ਸੂਦ ਜੈਕਬ ਅਤੇ ਕੋਆਰਡੀਨੇਟਰ ਡਾ. ਕਵਿਤਾ ਸਿੰਘ ਨੇ ਦੱਸਿਆ ਕਿ ਇਹ ਸੈਮੀਨਾਰ ਏਸੀਐਟਿਕ ਸੋਸਾਇਟੀ, ਮੁੰਬਈ ਦੇ ਆਨਰੇਰੀ ਫੈਲੋ ਪ੍ਰੋ. ਕੁਮੁਦ ਕਨਿਤਕਾਰ ਵਲੋਂ ਸਪਾਂਸਰ ਕੀਤਾ ਗਿਆ ਸੀ। ਦੂਜੇ ਦਿਨ ਦੇ ਪਹਿਲੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਡਾ. ਜਯੋਤੀ ਸ਼ਰਮਾ ਨੇ, ਦੂਜੇ ਸੈਸ਼ਨ ਦੀ ਪ੍ਰਧਾਨਗੀ ਡਾ. ਮੁਹੰਮਦ ਇਦਰੀਸ ਨੇ ਅਤੇ ਤੀਜੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਡਾ. ਹਰਪ੍ਰੀਤ ਕੌਰ ਨੇ ਕੀਤੀ।

ਖੇਡ ਸਟੇਡੀਅਮ ਲਲੌਛੀ 'ਚ ਬਲਾਕ ਪੱਧਰੀ ਖੇਡਾਂ ਕਰਵਾਈਆਂ

ਸਮਾਣਾ, 19 ਅਕਤੂਬਰ (ਪ੍ਰੀਤਮ ਸਿੰਘ ਨਾਗੀ)-ਬਲਾਕ ਪੱਧਰੀ ਖੇਡਾਂ ਦਾ ਆਯੋਜਨ ਖੇਡ ਸਟੇਡੀਅਮ ਲਲੌਛੀ 'ਚ ਕੀਤਾ ਗਿਆ, ਜਿਸ ਦੀ ਅਗਵਾਈ ਬੀ.ਪੀ.ਈ.ਓ. ਸਮਾਣਾ-2 ਗੋਪਾਲ ਕ੍ਰਿਸ਼ਨ ਸ਼ਰਮਾ ਨੇ ਕੀਤੀ। ਬਲਾਕ ਖੇਡ ਇੰਚਾਰਜ ਜਗਤਾਰ ਸਿੰਘ ਬੀ.ਐੱਸ.ਓ, ਬਲਾਕ ਪੱਧਰੀ ਖੇਡਾਂ ਲਈ ਲਗਾਏ ਗਏ ਨੋਡਲ ਅਫ਼ਸਰ ਬੀਰਬਲ ਸੈਂਟਰ ਹੈੱਡ ਟੀਚਰ ਗੱਜੂਮਾਜਰਾ ਅਤੇ ਕੁਲਦੀਪ ਸਿੰਘ ਸਕੂਲ ਮੁਖੀ ਲਲੌਛੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਲਲੌਛੀ ਦੇ ਖੇਡ ਮੈਦਾਨ ਵਿਚ ਬਲਾਕ ਪੱਧਰੀ ਖੇਡਾਂ ਕਰਵਾਈਆਂ ਗਈਆਂ। ਜਿਸ ਵਿਚ ਸੱਤ ਕਲੱਸਟਰਾਂ ਦੇ ਬੱਚਿਆਂ ਨੇ ਖੇਡਾਂ ਵਿਚ ਭਰਵੀਂ ਸ਼ਮੂਲੀਅਤ ਕੀਤੀ। ਇਨ੍ਹਾਂ ਖੇਡਾਂ ਵਿੱਚ ਬੱਚਿਆਂ ਨੇ ਸਖ਼ਤ ਮੁਕਾਬਲੇ ਦੇ ਨਾਲ਼ ਜਿੱਤਾਂ ਪ੍ਰਾਪਤ ਕੀਤੀਆਂ। ਬੀ.ਪੀ.ਈ.ਓ. ਸਮਾਣਾ-2 ਗੋਪਾਲ ਕ੍ਰਿਸ਼ਨ ਸ਼ਰਮਾ ਵਲੋਂ ਬੱਚਿਆਂ ਦੀ ਹੌਸਲਾ ਅਫਜਾਈ ਲਈ ਇਨਾਮ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਜ਼ਿਲ੍ਹਾ ਪੱਧਰੀ ਖੇਡਾਂ ਲਈ ਹੋਰ ਸਖ਼ਤ ਮਿਹਨਤ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸੈਂਟਰ ਗੱਜੂਮਾਜਰਾ ਵਲੋਂ ਬਲਾਕ ਸਮਾਣਾ-2 ਦੀਆਂ ਖੇਡਾਂ ਦੀ ਮੇਜ਼ਬਾਨੀ ਕੀਤੀ ਗਈ। ਇਹਨਾਂ ਖੇਡਾਂ ਦੇ ਦੌਰਾਨ

ਜੇਤੂ ਖ਼ਿਡਾਰੀ ਪ੍ਰਬੰਧਕਾਂ ਨਾਲ। ਅਜੀਤ ਤਸਵੀਰ

ਅਵਤਾਰ ਸਿੰਘ ਖੇੜੀ ਮੱਲ੍ਹਾਂ, ਨਰਿੰਦਰ ਸਿੰਘ ਲਲੌਛੀ, ਜਗਤਾਰ ਸਿੰਘ ਕਾਦਰਾਬਾਦ ਸਟੇਜ ਸੰਚਾਲਕ ਦੀ ਡਿਊਟੀ ਬਾਖੂਬੀ ਨਿਭਾਈ ਗਈ। ਖੇਡਾਂ ਸੰਬੰਧੀ ਡਿਊਟੀਆਂ ਦੌਰਾਨ ਅਧਿਆਪਕ ਸੁਖਪਾਲ ਸਿੰਘ, ਇੰਦਰਵੀਰ ਸਿੰਘ, ਹਰਿੰਦਰਜੀਤ ਸਿੰਘ, ਸੰਦੀਪ ਸਿੰਘ, ਸੰਦੀਪ ਕੁਮਾਰ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਕਿਰਪਾਲ ਸਿੰਘ, ਭੀਮ ਸਿੰਘ, ਜੁਗਪ੍ਰਗਟ ਸਿੰਘ, ਹਰਪਾਲ ਸਿੰਘ, ਹਰਪ੍ਰੀਤ ਸਿੰਘ, ਦਰਸ਼ਨ ਕੁਮਾਰ, ਜਸਵੀਰ ਸਿੰਘ, ਸ਼ਿਵਚਰਨ ਸਿੰਘ, ਦਲਵੀਰ ਸਿੰਘ, ਵਿਕਰਮਜੀਤ ਸਿੰਘ, ਗੁਰਜਿੰਦਰ ਸਿੰਘ, ਮਲਕੀਤ ਸਿੰਘ, ਭਰਭੂਰ ਚੰਦ, ਨਰਿੰਦਰ ਕੁਮਾਰ, ਫੁਲਬਾਗ ਸਿੰਘ, ਤਲਵਿੰਦਰ ਸਿੰਘ ਬੀ.ਐੱਮ.ਟੀ, ਹਰਪ੍ਰੀਤ ਕੌਰ, ਇੰਦਰਜੀਤ ਕੌਰ, ਸੰਦੀਪ ਕੌਰ, ਹਰਵਿੰਦਰ ਕੌਰ, ਚਰਨਜੀਤ ਕੌਰ, ਮਨਜੀਤ ਕੌਰ, ਵੰਦਨਾ ਵਰਮਾ, ਕੋਮਲ ਦੇਵੀ ਆਦਿ ਅਧਿਆਪਕਾਂ ਅਤੇ ਵੱਖ-ਵੱਖ ਸੈਂਟਰਾਂ ਤੋਂ ਆਏ ਮਿਡ-ਡੇ-ਮੀਲ ਵਰਕਰਾਂ ਦੁਆਰਾ ਬੱਚਿਆਂ ਦੇ ਖਾਣੇ ਸੰਬੰਧੀ ਲੱਗੀ ਡਿਊਟੀ ਪੂਰੀ ਜ਼ਿੰਮੇਵਾਰੀ ਨਾਲ਼ ਨਿਭਾਈ ਗਈ। ਜਿਸ ਦੀ ਸ਼ਲਾਘਾ ਸਮੂਹ ਅਧਿਆਪਕਾਂ ਵਲੋਂ ਕੀਤੀ ਗਈ।

ਇਨ੍ਹਾਂ ਖੇਡਾਂ ਦੇ ਦੌਰਾਨ ਬਲਾਕ ਸਮਾਣਾ-2 ਦੇ ਸਮੂਹ ਸੀਐਚਟੀ ਸਾਹਿਬਾਨ ਗੁਰਤੇਜ ਸਿੰਘ ਬੀਬੀਪੁਰ, ਵੀਨਾ ਤਿਵਾੜੀ ਮਿਆਲ ਕਲਾਂ, ਵੰਦਨਾ ਗੁਪਤਾ ਧਨੇਠਾ, ਗਗਨਪ੍ਰੀਤ ਕੌਰ ਫਤਿਹਪੁਰ, ਰਵਿੰਦਰ ਸਿੰਘ ਕਰਹਾਲੀ ਅਤੇ ਅਮਰੀਕਾ ਰਾਮ ਕੁਲਬੁਰਛਾਂ ਹਾਜ਼ਰ ਸਨ। ਗ੍ਰਾਮ ਪੰਚਾਇਤ ਲਲੌਛੀ ਅਤੇ ਨਵੀਂ ਲਲੌਛੀ ਤੋਂ ਸਰਪੰਚ ਸਤਨਾਮ ਕੌਰ, ਸਰਪੰਚ ਨਰਵਿੰਦਰ ਕੌਰ, ਸਤਪਾਲ ਸਿੰਘ, ਕੁਲਬੀਰ ਸਿੰਘ, ਹਰਦੀਪ ਸਿੰਘ ਪੰਚ, ਗੁਰਜੀਤ ਸਿੰਘ ਪੰਚ, ਗੁਰਦਿਆਲ ਸਿੰਘ ਪੰਚ, ਜਸਪਾਲ ਸਿੰਘ ਪੰਚ, ਗੁਰਮੇਲ ਸਿੰਘ ਅਤੇ ਹੋਰ ਮੈਂਬਰ ਸਾਹਿਬਾਨ ਤੋਂ ਇਲਾਵਾ ਦਾਨੀ ਸੱਜਣ ਸਵਰਨ ਸਿੰਘ, ਹਾਕਮ ਸਿੰਘ, ਗੁਰਵਿੰਦਰ ਸਿੰਘ (ਹਲਕਾ ਸਮਾਣਾ ਮੀਡੀਆ ਵਾਇਸ ਕੋਆਰਡੀਨੇਟਰ), ਹਰਪ੍ਰੀਤ ਸਿੰਘ, ਨਿਰਮਲ ਸਿੰਘ, ਬਲਵੰਤ ਸਿੰਘ, ਬਲਬੀਰ ਸਿੰਘ ਅਤੇ ਪਤਵੰਤੇ ਸੱਜਣ ਹਾਜ਼ਰ ਸਨ!

ਸਕੂਲ ਪ੍ਰਿੰਸੀਪਲ ਸੁਖਜਿੰਦਰ ਕੌਰ ਅਤੇ ਪ੍ਰਬੰਧਕ, ਡਾ ਦਰਸ਼ਨ ਸਿੰਘ ਆਸ਼ਟ ਨੂੰ ਸਨਮਾਨਿਤ ਕਰਦੇ ਹੋਏ। ਤਸਵੀਰ : ਗੁਰਇਕਬਾਲ ਸਿੰਘ ਖ਼ਾਲਸਾ

ਸਕੂਲ ਆਫ ਐਮੀਨੈਂਸ 'ਚ ਵਿਦਿਆਰਥੀਆਂ ਦੇ ਰੂਬਰੂ ਹੋਏ ਡਾ. ਦਰਸ਼ਨ ਸਿੰਘ ਆਸ਼ਟ

ਪਾਤੜਾਂ, 19 ਅਕਤੂਬਰ (ਗੁਰਇਕਬਾਲ ਸਿੰਘ ਖ਼ਾਲਸਾ)-ਬਾਲ ਸਾਹਿਤ ਪੁਰਸਕਾਰ ਵਿਜੇਤਾ, ਸਟੇਟ - ਐਵਾਰਡੀ ਅਤੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਡਾ. ਦਰਸ਼ਨ ਸਿੰਘ ਆਸ਼ਟ ਨੂੰ ਅੱਜ ਸਕੂਲ ਆਫ ਐਮੀਨੈਂਸ ਘੱਗਾ ਵਿਖੇ ਵਿਦਿਆਰਥੀਆਂ ਦੇ ਨਾਲ ਰੂਬਰੂ ਕਰਵਾਇਆ ਗਿਆ। ਸਮਾਗਮ ਦੇ ਆਰੰਭ ਵਿਚ ਪ੍ਰਿੰਸੀਪਲ ਸੁਖਜਿੰਦਰ ਕੌਰ ਨੇ ਡਾ. ਆਸ਼ਟ ਨੂੰ ਬੁੱਕੇ ਭੇਂਟ ਕਰਨ ਉਪਰੰਤ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਅੱਜ ਮਾਣ ਵਾਲੀ ਗੱਲ ਹੈ ਕਿ ਸਾਡੇ ਸਕੂਲ ਦੇ ਸਾਬਕਾ ਵਿਦਿਆਰਥੀ ਡਾ. ਆਸ਼ਟ ਵਿਦਿਆਰਥੀਆਂ ਦੇ ਰੂਬਰੂ ਹੋ ਰਹੇ ਹਨ। ਇਸ ਮੌਕੇ ਡਾ. ਦਰਸ਼ਨ ਸਿੰਘ ਆਸ਼ਟ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਉਨ੍ਹਾਂ ਨੂੰ ਆਪਣੇ ਸਕੂਲ ਦੇ ਵਿਦਿਆਰਥੀਆਂ ਨਾਲ ਗੱਲਾਂ ਕਰਦਿਆਂ ਬੜਾ ਸਕੂਨ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਇਉਂ ਮਹਿਸੂਸ ਕਰ ਰਹੇ ਹਨ ਜਿਵੇਂ ਉਨ੍ਹਾਂ ਦਾ ਸਮਾਂ 40 ਸਾਲ ਪੁਰਾਣਾ ਮੁੜ ਆ ਗਿਆ ਹੋਵੇ। ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਵਿਚ ਵਿਦਿਆਰਥੀਆਂ ਨੂੰ ਆਪਣੀ ਮਾਤ-ਭਾਸ਼ਾ, ਸਾਹਿਤ, ਸਭਿਆਚਾਰ ਅਤੇ ਮੁੱਲਵਾਨ ਪਿਛੋਕੜ ਨਾਲ ਜੁੜਨ ਦੀ ਬਹੁਤ ਜ਼ਰੂਰਤ ਹੈ ਤਾਂ ਜੋ ਇਨ੍ਹਾਂ ਦੇ ਚਰਿੱਤਰ-ਨਿਰਮਾਣ ਦੀ ਉਸਾਰੀ ਹੋ ਸਕੇ ਅਤੇ ਉਹ ਕੌਮ ਦੇ ਚੰਗੇ ਨਾਗਰਿਕ ਬਣ ਸਕਣ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਸ਼੍ਰੇਣੀਆਂ ਦੇ ਪਾਠ-ਕ੍ਰਮਾਂ ਇਕ ਲੱਗੀਆਂ ਆਪਣੀਆਂ ਕਹਾਣੀਆਂ, ਕਵਿਤਾਵਾਂ ਦੇ ਹਵਾਲੇ ਦਿੰਦੇ ਹੋਏ ਦੋ ਬਾਲ ਗੀਤ 'ਕਿੱਥੇ ਗਈ ਏਂ ਮਾਰ ਉਡਾਰੀ ਨੀ ਚਿੜੀਏ' ਅਤੇ 'ਮਾਂ ਬੋਲੀ ਨੂੰ ਪਿਆਰ ਹਾਂ ਕਰਦਾ' ਤਰੰਨੁਮ ਵਿਚ ਸੁਣਾਏ। ਇਸ ਦੌਰਾਨ ਵਿਦਿਆਰਥਣਾਂ ਜਸਪ੍ਰੀਤ, ਰਮਨਪ੍ਰੀਤ ਕੌਰ ਅਤੇ ਸਿਮਰਜੀਤ ਕੌਰ ਨੇ ਡਾ. ਆਸ਼ਟ ਦੀਆਂ ਕਵਿਤਾਵਾਂ ਅਤੇ ਪ੍ਰਸਿੱਧ ਗੀਤਕਾਰ ਇੰਦਰਜੀਤ ਹਸਨਪੁਰੀ ਵਲੋਂ ਡਾ. ਆਸ਼ਟ ਬਾਰੇ ਲਿਖਿਆ ਕਾਵਿ ਚਿੱਤਰ ਵੀ ਖ਼ੂਬਸੂਰਤ ਅੰਦਾਜ਼ 'ਚ ਪੇਸ਼ ਕੀਤੇ। ਇਸ ਸਮਾਗਮ 'ਚ ਡਾ. ਆਸ਼ਟ ਦੇ ਅਧਿਆਪਕ ਰਹੇ ਰਾਜ ਕੁਮਾਰ ਸਿੰਗਲਾ ਨੇ ਵੀ ਸੰਬੋਧਨ ਕੀਤਾ। ਮੰਚ ਸੰਚਾਲਨ ਅਧਿਆਪਕਾ ਕਿਰਨ ਬਾਲਾ ਨੇ ਕੀਤਾ। ਇਸ ਮੌਕੇ ਇੱਥੇ ਕੁਲਵੰਤ ਰਿਖੀ, ਦਵਿੰਦਰ ਸਿੰਘ, ਸਮੇਤ ਸਕੂਲ ਦਾ ਸਮੁੱਚਾ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

ਸੁਰਜੀਤ ਸਿੰਘ ਗੜ੍ਹੀ ਨੂੰ ਮੰਗ ਪੱਤਰ ਸੌਂਪਦੇ ਹੋਏ ਯਾਦਵਿੰਦਰ ਸਿੰਘ ਯਾਦੂ। ਅਜੀਤ ਤਸਵੀਰ

ਬੰਦੀ ਛੋੜ ਦਿਵਸ ਸਮੇਂ ਬਰੂਦੀ ਆਤਿਸ਼ਬਾਜ਼ੀ ਨਾ ਕੀਤੀ ਜਾਵੇ-ਯਾਦਵਿੰਦਰ ਸਿੰਘ ਯਾਦੂ

ਪਟਿਆਲਾ, 19 ਅਕਤੂਬਰ (ਕੁਲਵੀਰ ਸਿੰਘ ਧਾਲੀਵਾਲ)-ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਬਹਾਦਰਗੜ੍ਹ ਵਿਖੇ ਪੰਜਾਬ ਵਿਦਿਆਰਥੀ ਪ੍ਰੀਸ਼ਦ ਫ਼ਰੰਟ ਦੇ ਪ੍ਰਧਾਨ ਅਤੇ ਸੈਫੀ ਦੇ ਸੀਨੀਅਰ ਆਗੂ ਯਾਦਵਿੰਦਰ ਸਿੰਘ ਯਾਦੂ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ ਨਾਲ ਮੁਲਾਕਾਤ ਕੀਤੀ ਅਤੇ ਮੰਗ ਪੱਤਰ ਸੌਂਪਿਆ। ਉਨ੍ਹਾਂ ਮੰਗ ਪੱਤਰ ਰਾਹੀਂ ਮੰਗ ਕੀਤੀ ਕਿ ਇਸ ਵਾਰ ਬੰਦੀਛੋੜ ਦਿਵਸ ਸਮੇਂ ਬਰੂਦੀ ਆਤਿਸ਼ਬਾਜ਼ੀ ਨਾ ਕੀਤੀ ਜਾਵੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯਾਦਵਿੰਦਰ ਸਿੰਘ ਯਾਦੂ ਨੇ ਕਿਹਾ ਕਿ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਵਿਚਾਰ ਨਾ ਕਰਨ ਕਰਕੇ ਸ੍ਰੀ ਦਰਬਾਰ ਸਾਹਿਬ ਵਿਖੇ ਬੰਦੀਛੋੜ ਦਿਵਸ ਅਤੇ ਗੁਰਪੁਰਬਾਂ ਸਮੇਂ ਪ੍ਰਦੂਸ਼ਿਤ ਆਤਿਸ਼ਬਾਜ਼ੀ ਕਰਨ ਨਾਲ ਮਨਮਤਿ ਦਾ ਅਸੁਰੀ ਵਰਤਾਰਾ ਗੁਰਬਾਣੀ ਕੀਰਤਨ ਦੇ ਸਹਿਜ ਅਨੰਦ ਨਾਲ ਸੰਗਤ ਦੀ ਲੱਗੀ ਲਿਵ ਤੋੜਦਾ ਹੈ। ਯਾਦੂ ਨੇ ਕਿਹਾ ਕਿ ਅਜੋਕੀ ਵਿਗਿਆਨਕ ਖੋਜ ਪ੍ਰਮਾਣਿਤ ਕਰਦੀ ਹੈ ਕਿ ਪਟਾਕਿਆਂ ਦੇ ਖੜਾਕ ਦੇ ਤੇਜ ਝਟਕੇ, ਇਕਰਸ ਗੁਰਬਾਣੀ ਸੰਗੀਤ ਦੀਆਂ ਅਸੀਮ ਸ਼ਕਤੀਦਾਇਕ ਤਰੰਗਾਂ ਸਮੋਅ ਕੇ ਅੰਮ੍ਰਿਤ ਬਣੇ ਜਲ 'ਤੇ ਵੀ ਗਲਤ ਅਸਰ ਕਰਦੇ ਹਨ। ਯਾਦੂ ਨੇ ਕਿਹਾ ਕਿ ਸਿੱਖ ਸੰਗਤ ਨਾਲ ਕੀਤੀਆਂ ਵਿਚਾਰਾਂ ਉਪਰੰਤ, ਸਿੱਖ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਮੰਗ ਪੱਤਰ ਦੇ ਬੇਨਤੀ ਕੀਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਅਸਹਿਜ, ਬੇਰਸ ਅਤੇ ਪ੍ਰਦੂਸ਼ਿਤ ਆਤਿਸ਼ਬਾਜ਼ੀ ਦੀ ਗਲਤ ਅਤੇ ਨੁਕਸਾਨਦਾਇਕ ਪਿਰਤ ਗੁਰਮਤਿ ਦੀ ਪਰੰਪਰਾ ਹਰਗਿਜ਼ ਨਹੀਂ ਹੈ, ਜੋ ਬੰਦ ਕੀਤੀ ਜਾਵੇ। ਇਸ ਵਾਰ ਸਿੱਖ ਸੰਗਤ ਨੂੰ ਵੀ ਦੀਪਮਾਲਾ ਦੇ ਨਾਲ "ਵਾਹਿਗੁਰੂ ਸਿਮਰਨ ਕੀਰਤਨ ਕਰਨ" ਅਤੇ ਗੁਰਮਤਿ ਦੀਆਂ ਲਖਾਇਕ "ਸੁਨਹਿਰੀ ਦਸਤਾਰਾਂ" ਸਜਾ ਕੇ ਪ੍ਰਦੂਸ਼ਣ ਮੁਕਤ ਬੰਦੀ ਛੋੜ ਦਿਵਸ (ਦੀਵਾਲੀ) ਮਨਾਉਣ ਦੀ ਪ੍ਰੇਰਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੀ ਅਜਿਹੀ ਪਹਿਲ ਸਿੱਖ ਸੰਗਤ ਅਤੇ ਸਭ ਲੋਕਾਂ ਲਈ ਬਰੂਦੀ-ਹਾਦਸੇ ਅਤੇ ਪ੍ਰਦੂਸ਼ਣ-ਮੁਕਤ ਦੀਵਾਲੀ ਮਨਾਉਣ ਲਈ ਪ੍ਰੇਰਨਾ ਸਰੋਤ ਬਣ ਜਾਵੇਗੀ।

ਅਮਰ ਸ਼ਹੀਦ ਮੋਤੀ ਰਾਮ ਮਹਿਰਾ ਟਰੱਸਟ ਨੰਡਿਆਲੀ ਵਲੋਂ ਚੇਅਰਮੈਨ ਚੰਦੂਆ ਸਨਮਾਨਿਤ

ਮਾਰਕੀਟ ਕਮੇਟੀ ਬਨੂੜ ਦੇ ਚੇਅਰਮੈਨ ਜਸਵੀਰ ਸਿੰਘ ਚੰਦੂਆ ਨੂੰ ਸਨਮਾਨਿਤ ਕਰਦੇ ਹੋਏ ਟਰੱਸਟ ਦੇ ਅਹੁਦੇਦਾਰ। ਅਜੀਤ ਤਸਵੀਰ

ਬਨੂੜ, 19 ਅਕਤੂਬਰ (ਭੁਪਿੰਦਰ ਸਿੰਘ)-ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਟਰੱਸਟ ਨੰਡਿਆਲੀ ਵਲੋਂ ਮਾਰਕੀਟ ਕਮੇਟੀ ਬਨੂੜ ਦੇ ਚੇਅਰਮੈਨ ਜਸਵੀਰ ਸਿੰਘ ਚੰਦੂਆ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨ ਸਮਾਰੋਹ ਬਾਰੇ ਜਾਣਕਾਰੀ ਦਿੰਦੇ ਹੋਏ ਬਾਬਾ ਮੋਤੀ ਰਾਮ ਮਹਿਰਾ ਟਰੱਸਟ ਦੇ ਅਹੁਦੇਦਾਰਾਂ ਰਾਮ ਸਿੰਘ ਨੰਡਿਆਲੀ, ਕਰਨੈਲ ਸਿੰਘ ਪੂਰੀ, ਚੰਨਣ ਸਿੰਘ ਨੇ ਦੱਸਿਆ ਕਿ ਮਾਰਕੀਟ ਕਮੇਟੀ ਬਨੂੜ ਦੇ ਚੇਅਰਮੈਨ ਜਸਵੀਰ ਸਿੰਘ ਚੰਦੂਆ, ਸੁਭਾਸ਼ ਸ਼ਰਮਾ ਵਾਈਸ ਚੇਅਰਮੈਨ ਵਾਟਰ ਤੇ ਸੀਵਰੇਜ ਬੋਰਡ ਪੰਜਾਬ ਅਤੇ ਗੁਰਨਾਮ ਸਿੰਘ ਮਹਿਰਾ ਨੂੰ ਟਰੱਸਟ ਵਲੋਂ ਯਾਦਗਾਰੀ ਚਿੰਨ੍ਹ ਤੇ ਸਿਰਪਾਉ ਦੇ ਕੇ